# GURU NANAK DEV JI DIYAN VARAN DA DARSHNIK PAKH

# ਗੁਰੂ ਨਾਨਕ ਦੇਵ ਜੀ ਦੀਆਂ ਵਾਰਾਂ ਦਾ ਦਾਰਸ਼ਨਿਕ ਪੱਖ

ਰਮਨਦੀਪ ਕੌਰ (Ramandeep Kaur)

ਖੋਜਾਰਥਣ, ਪੰਜਾਬੀ ਵਿਭਾਗ

ਪੰਜਾਬੀ ਯੂਨੀਵਰਸਿਟੀ, ਪਟਿਆਲਾ (ਪੰਜਾਬ)

Email ID: kaurdeepraman1991@gmail.com ਮੋਬਾਈਲ: +91- *91159-00030*

**ABSTRACT**

*ਪੰਜਾਬੀ ਵਾਰ ਖੇਤਰ ਵਿਚ ਗੁਰੂ ਸਾਹਿਬਾਨ ਦੁਆਰਾ ਰਚੀਆਂ ਇਨ੍ਹਾਂ ਅਧਿਆਤਮਕ ਵਾਰਾਂ ਨਾਲ ਮਹੱਤਵਪੂਰਨ ਪਰਿਵਰਤਨ ਆਉਂਦਾ ਹੈ। ਜਿਵੇਂ ਗੁਰੂ ਨਾਨਕ ਦੀ ਸਮੁੱਚੀ ਰਚਨਾ ਅਧਿਆਤਮਕਤਾ ਦੀ ਗੂੜ੍ਹੀ ਰੰਗਤ ਵਿਚ ਰੰਗੀ ਹੋਈ ਹੈ। ਇਸ ਤਰ੍ਹਾਂ ਸਮੂਹ ਗੁਰੂ ਹਸਤੀਆਂ ਦੀਆਂ ਰਚਨਾਵਾਂ ਵੀ ਇਕੋ ਕੇਂਦਰੀ ਵਿਸ਼ੇ ਨੂੰ ਆਪਣੇ ਕਲੇਵਰ ਵਿਚ ਲੈਂਦੀਆਂ ਹਨ। ਇਹਨਾਂ ਵਾਰਾਂ ਨੇ ਪੂਰਵ ਵਾਰਾਂ ਦੇ ਸੰਕਲਪ ਨੂੰ ਮੂਲੋਂ ਹੀ ਬਦਲ ਕੇ ਰੱਖ ਦਿੱਤਾ। ਇਸ ਬਦਲਾਵ ਦਾ ਮੁੱਖ ਕਾਰਨ ਲੋਕ ਵਾਰਾਂ ਨਾਲੋਂ ਭਿੰਨ ਰਚਨਾਤਮਕ ਵਸਤੂ ਦੀ ਪੇਸ਼ਕਾਰੀ ਦਾ ਪੱਧਰ ਲੋਕ-ਹਿਤ ਅਤੇ ਲੋਕ-ਪੱਖੀ ਵਿਚਾਰਧਾਰਾ ਵਾਲਾ ਹੈ। ਗੁਰੂ ਨਾਨਕ ਦੇ ਸਮੇਂ ਆਮ ਜਨਤਾ ਰਜਵਾੜਾ ਸ਼ਾਹੀ ਜਾਂ ਜਾਗੀਰਦਾਰੀ ਪ੍ਰਬੰਧ ਅਧੀਨ, ਹਰ ਪੱਖੋਂ ਲੁੱਟ ਦਾ ਸ਼ਿਕਾਰ ਹੋ ਰਹੀ ਸੀ। ਅਜਿਹੇ ਲੁੱਟ ਦੇ ਮਾਹੌਲ ਵਿਚ ਆਮ ਲੋਕਾਂ ਦਾ ਜਿਉਣਾ ਬਹੁਤ ਮੁਸ਼ਕਿਲ ਹੋ ਰਿਹਾ ਸੀ। ਹਿੰਦੂ ਸਮਾਜ ਵਿਚ ਜਨਤਾ ਜਾਤ-ਪਾਤ ਪ੍ਰਬੰਧ ਵਿਚ ਸਿਮਟ ਕੇ ਰਹਿ ਗਈ। ਬ੍ਰਾਹਮਣਵਾਦ ਦੀਆਂ ਧਾਰਮਿਕ ਵਿਚਾਰਾਂ ਨੂੰ ਮਿਟਾਉਣ ਵਾਲੀ ਚੇਤਨਾ ਗੁਰਮਤਿ ਚੇਤਨਾ ਜਾਂ ਵਿਚਾਰਧਾਰਾ ਦੇ ਰੂਪ ਵਿੱਚ ਉਭਰ ਕੇ ਸਾਹਮਣੇ ਆਈ। ਗੁਰੂ ਨਾਨਕ ਦੇ ਫ਼ਲਸਫੇ ਨੇ ਸਾਂਝੇ ਲੰਗਰ ਦੀ ਪ੍ਰਥਾ ਜਾਂ 'ਕਿਰਤ ਕਰੋ, ਨਾਮ ਜਪੋ ਤੇ ਵੰਡ ਕੇ ਛਕੋ' ਦੇ ਸਿਧਾਂਤ ਰਾਹੀਂ ਜਾਤ-ਪਾਤ ਦੇ ਪਿਛਾਂਹ ਖਿੱਚੂ ਪ੍ਰਬੰਧ 'ਤੇ ਵਾਰ ਹੀ ਨਹੀਂ ਕੀਤਾ ਸਗੋਂ ਉਸ ਨੂੰ ਮੂਲੋਂ ਖ਼ਤਮ ਕਰਨ ਤੇ ਸਮਾਜਿਕ ਬਰਾਬਰੀ ਸਥਾਪਤ ਕਰਨ ਲਈ ਇਕ ਅਗਾਂਹਵਧੂ ਤੇ ਸਵਸਥ ਵਿਚਾਰਧਾਰਾ ਦਿੱਤੀ, ਜਿਹੜੀ ਵਿਚਾਰਧਾਰਾ ਗੁਰਮਤਿ ਵਿਚਾਰਧਾਰਾ ਕਰਕੇ ਜਾਣੀ ਜਾਂਦੀ ਹੈ ਅਤੇ ਇਹ ਵਿਚਾਰਧਾਰਾ ਗੁਰੂ ਗ੍ਰੰਥ ਸਾਹਿਬ ਰਾਹੀਂ ਅੱਜ ਵੀ ਸਮਾਜ ਦੀ ਪੂਰਨ ਅਗਵਾਈ ਕਰਨ ਯੋਗ ਹੈ। ਇਸ ਵਿਚਾਰਧਾਰਾ ਦਾ ਗੁਰਬਾਣੀ ਫ਼ਲਸਫਾ ਮਨੁੱਖ ਨੂੰ ਪੂਰਨ ਤੌਰ ਤੇ ਸਮਾਜ ਨਾਲ ਵੀ ਜੋੜਦਾ ਹੈ ਦੂਜੇ ਪਾਸੇ ਅਧਿਆਤਮਕ ਚਿੰਤਨ ਲਈ ਵੀ ਪੂਰਨ ਪ੍ਰੇਰਨਾ ਦਿੰਦਾ ਹੈ। ਦਰਸ਼ਨ ਸੰਬੰਧੀ ਵਧੇਰੇ ਵਿਚਾਰ ਚਰਚਾ ਕਰਨਾ ਸਾਡਾ ਉਦੇਸ਼ ਨਹੀਂ ਹੈ ਬਲਕਿ ਸਾਡਾ ਮੂਲ ਪ੍ਰਯੋਜਨ ਗੁਰੂ ਨਾਨਕ ਦੇਵ ਜੀ ਦੀਆਂ ਵਾਰਾਂ ਵਿਚ ਵਿਆਪਕ ਦਾਰਸ਼ਨਿਕ ਪਰਿਪੇਖ ਨੂੰ ਉਭਾਰਨਾ ਹੈ। ਇਸ ਲਈ ਅੱਗੇ ਉਨ੍ਹਾਂ ਦੁਆਰਾ ਰਚਿਤ ਵਾਰਾਂ ਦੇ ਪ੍ਰਸੰਗ ਵਿਚ ਦਾਰਸ਼ਨਿਕ ਸੰਕਲਪਾਂ ਨੂੰ ਵਿਚਾਰ ਚਰਚਾ ਦਾ ਕੇਂਦਰ ਬਣਾਇਆ ਜਾਵੇਗਾ।*

***ਕੀਵਰਡ : ਗੁਰੂ, ਪਰਮਾਤਮਾ/ ਅਕਾਲ ਪੁਰਖ, ਸ੍ਰਿਸ਼ਟੀ/ ਜਗਤ, ਜੀਵਾਤਮਾ/ ਮਨੁੱਖ, ਵਾਰਾਂ, ਦਾਰਸ਼ਨਿਕ ਪੱਖ ।***

ਗੁਰੂ ਗ੍ਰੰਥ ਸਾਹਿਬ ਵਿੱਚ ਅਕਾਲ ਪੁਰਖ/ਪਰਮਾਤਮਾ ਨੂੰ ਅਨੇਕਾਂ ਨਾਵਾਂ ਨਾਲ ਸੰਬੋਧਿਤ ਕੀਤਾ ਗਿਆ ਹੈ। ਜਿਵੇਂ- ਹਰੀ, ਗੋਪਾਲ, ਰਾਮ, ਭਗਵਾਨ, ਕਰਤਾ, ਠਾਕੁਰ, ਦਾਤਾ, ਗੋਬਿੰਦ, ਨਰਾਇਣ, ਜਗਦੀਸ਼ ਆਦਿ। ਗੁਰੂ ਨਾਨਕ ਦੇਵ ਜੀ ਨੇ ਆਪਣੀਆਂ ਵਾਰਾਂ ਵਿੱਚ ਪਰਮਾਤਮਾ ਦੀ ਕਾਰਗੁਜ਼ਾਰੀ ਦਾ ਵਰਨਣ ਕੀਤਾ ਹੈ, ਉਸ ਦੀ ਉਪਮਾ ਦੇ ਨਾਲ-ਨਾਲ ਉਸ ਦਾ ਵਿਸ਼ਲੇਸ਼ਣ ਵੀ ਕੀਤਾ ਹੈ। ਸਮੁੱਚੇ ਬ੍ਰਹਿਮੰਡ ਨੂੰ ਇਕੋ ਸ਼ਕਤੀ ਚਲਾ ਰਹੀ ਹੈ ਜਿਸਦੇ ਸਰੂਪ ਨੂੰ ਜਾਨਣ ਲਈ ਮਨੁੱਖ ਲੰਬੇ ਸਮੇਂ ਤੋਂ ਯਤਨਸ਼ੀਲ ਹੈ ਪਰ ਉਸ ਦੀ ਥਾਹ ਨਹੀਂ ਪਾ ਸਕਿਆ। ਪਰਮਾਤਮਾ ਇਕ ਅਜਿਹੀ ਧਾਰਨਾ ਹੈ ਜਿਸ ਨੂੰ ਦਾਰਸ਼ਨਿਕ ਚਿੰਤਕਾਂ ਨੇ ਵੱਖੋ-ਵੱਖਰੇ ਨਾਵਾਂ ਨਾਲ ਤੁਲਨਾਇਆ ਹੈ। ਗੁਰਮਤਿ ਵਿਚਾਰਧਾਰਾ ਅਨੁਸਾਰ ਪਰਮਾਤਮਾ ਦਾ ਸਰੂਪ ਪ੍ਰਤੱਖ ਅਨੁਭਵ 'ਤੇ ਅਧਾਰਿਤ ਹੈ। ਉਸ ਨੂੰ ਜਾਨਣ ਲਈ ਉਸ ਜਿੱਡਾ ਹੀ ਉੱਚਾ ਹੋਣ ਦੀ ਜ਼ਰੂਰਤ ਹੈ। ਗੁਰੂ ਨਾਨਕ ਬਾਣੀ ਦਾ ਕੇਂਦਰ ਬਿੰਦੂ ਪਰਮਾਤਮਾ ਹੈ। ਉਨ੍ਹਾਂ ਦੀਆਂ ਵਾਰਾਂ ਵਿਚੋਂ ਪ੍ਰਮਾਤਮਾ ਦੇ ਸਰਵ-ਵਿਆਪਕ, ਵਿਰਾਟ ਸਰੂਪ ਬਾਰੇ ਪਤਾ ਚਲਦਾ ਹੈ। ਪਰਮਾਤਮਾ ਦੇ ਹੁਕਮ ਅਨੁਸਾਰ ਸੰਸਾਰ ਚਲਾਇਮਾਨ ਹੈ, ਉਹ ਆਪ ਕਰਨ-ਕਰਾਵਣਹਾਰ ਹੈ ਜਿਸ ਦੀ ਸਾਜੀ ਬਹੁਰੰਗੀ ਸ੍ਰਿਸ਼ਟੀ ਦਾ ਭੇਤ ਨਹੀਂ ਪਾਇਆ ਜਾ ਸਕਦਾ। ਹਰਿੰਦਰ ਸਿੰਘ ਮਹਿਬੂਬ ਅਨੁਸਾਰ-

*"ਅਕਾਲ ਪੁਰਖ ਅਤੇ ਕੁਦਰਤ ਦੇ ਦਰਮਿਆਨ ਕੋਈ ਦੇਵਤਾ ਨਹੀਂ, ਕਿ ਉਸ ਦੀ ਕੁਦਰਤ ਦੀ ਖਾਲਸ ਸ਼ਕਲ 'ਨਾਉਂ ਅਤੇ ਨਿਆਉ' ਵਿਚੋਂ ਹੀ ਉਗਮੀ ਹੈ ਅਤੇ ਕਿਸੇ ਦੇਵੀ ਦੇਵਤੇ ਦੀ ਜਾਂਚ ਦਾ ਸਿੱਟਾ ਨਹੀਂ, ਕਿ ਅਕਾਲ ਪੁਰਖ ਦਾ ਸਰੂਪ ਮਨੁੱਖ ਦੀ ਅਰਦਾਸ ਵਿੱਚ ਹੈ, ਕਿਉਂਕਿ ਉਹ ਅਰਦਾਸ ਨੂੰ ਜਾਣਦਾ ਹੈ, ਕਿ ਉਸਦਾ ਸਿਰਜਣਾਤਮਕ ਨਿਯਮ ਨਾਮ, ਸਿਮਰਨ, ਸ਼ਬਦ, ਕਵਾਉ, ਹੁਕਮ ਅਤੇ ਨਦਰ ਵਿਚ ਹੈ ਅਤੇ ਕਿਸੇ ਦੇਵੀ ਦੇਵਤੇ ਨੂੰ ਸ਼ਾਨ ਨਹੀਂ ਮਿਲੀ।"*[1]

ਗੁਰੂ ਨਾਨਕ ਦੇਵ ਜੀ ਦੀਆਂ ਵਾਰਾਂ ਵਿੱਚ ਪਰਮਾਤਮਾ ਦਾ ਜ਼ਿਕਰ ਆਉਂਦਾ ਹੈ। ਪਰਮਾਤਮਾ ਇਕ ਹੈ, ਜਿਸ ਦੀ ਸ਼ਕਤੀ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ, ਉਸ ਦੇ ਅਨੇਕਾਂ ਨਾਮ, ਅਨੇਕ ਰੂਪ ਹਨ, ਨਾਲ ਹੀ ਉਸ ਦਾ ਸਰੂਪ ਨਿਰਾਕਾਰ ਹੁੰਦਾ ਹੋਇਆ ਹਰ ਥਾਂ ਮੌਜੂਦ ਹੈ। ਗੁਰੂ ਸਾਹਿਬ 'ਆਸਾ ਦੀ ਵਾਰ' ਵਿਚ ਪਰਮਾਤਮਾ ਦੇ ਵਿਸ਼ਾਲ ਰੂਪ ਨੂੰ ਪੇਸ਼ ਕਰਦੇ ਹਨ। ਪਰਮਾਤਮਾ ਨੂੰ ਜਾਨਣ ਲਈ ਉਸ ਦੀ ਕਿਰਪਾ ਅਤੇ ਅਨੁਭਵ ਸ਼ਕਤੀ ਦਾ ਹੋਣਾ ਜ਼ਰੂਰੀ ਹੈ। ਪਰਮਾਤਮਾ ਨੇ ਬਹੁਰੰਗੀ ਸ੍ਰਿਸ਼ਟੀ ਦੀ ਰਚਨਾ ਕੀਤੀ ਹੈ ਜਿੱਥੇ ਜੀਵ ਆਪੋ ਆਪਣੇ ਕਰਮਾਂ ਦਾ ਫਲ ਭੋਗਦੇ ਹਨ। ਇਸੇ ਕਾਰਨ ਇਸ ਨੂੰ ਜਗਤ-ਤਮਾਸ਼ਾ ਵੀ ਕਿਹਾ ਜਾਂਦਾ ਹੈ। ਜਗਤ ਦੇ ਅਨੇਕਾਂ ਖੰਡ-ਬ੍ਰਹਿਮੰਡ ਹਨ ਅਤੇ ਜੀਵ-ਜੰਤੂਆਂ ਦੀ ਅਣਗਿਣਤ ਸੰਖਿਆ ਹੈ। ਸ੍ਰਿਸ਼ਟੀ/ਜਗਤ ਸੰਬੰਧੀ ਹਰਿੰਦਰ ਸਿੰਘ ਮਹਿਬੂਬ ਦਾ ਮੰਨਣਾ ਹੈ ਕਿ-

*"ਉਸ ਦੇ ਹੁਕਮ ਅਤੇ ਨਦਰ ਦੀ ਅਸੀਮਤਾ ਅੰਦਰ ਹੀ ਧਰਤੀ ਨਾਲ ਹੀ ਸ੍ਰਿਸ਼ਟੀ ਦੇ ਜਨਮ ਦਾ ਭੇਦ ਵੀ ਛੁਪਿਆ ਹੋਇਆ ਹੈ, ਉਸ ਨੂੰ ਬਾਹਰਮੁਖੀ ਕਾਲ ਅਨੁਸਾਰ ਵੇਖਣਾ ਠੀਕ ਨਹੀਂ, ਕਿਉਂਕਿ ਰੁਹਾਨੀਅਤ ਚੀਜਾਂ ਨੂੰ ਇਕ ਵੱਖਰੇ ਕਾਲ ਵਿੱਚ ਰੱਖਦੀ ਹੈ। ਅਗੋਚਰ ਅਤੇ ਅਸੀਮ ਕਾਲ। ਗੁਰੂ ਨਾਨਕ ਸਾਹਿਬ ਨੇ ਧਰਤੀ ਦੀ ਉਤਪੱਤੀ ਦੇ ਤਰਕ ਅਤੇ ਮੰਤਵ ਨੂੰ ਇਕ ਹੋਰ ਸੰਕਲਪ ਰਾਹੀਂ ਵੀ ਅਸੀਮ ਕੀਤਾ। ਉਹਨਾਂ ਨੇ ਸ੍ਰਿਸ਼ਟੀ ਦੇ ਸਭ ਰੂਪਾਂ ਨੂੰ ਗਿਣਤੀਆਂ, ਮਿਣਤੀਆਂ ਅਤੇ ਫਾਸਲਿਆਂ ਦੀ ਕੈਦ ਤੋਂ ਆਜ਼ਾਦ ਕਰ ਦਿੱਤਾ ਹੈ "ਅਸੰਖ ਕਹਹਿ ਸਿਰ ਭਾਰੁ ਹੋਇ" ਇਸ ਦਾ ਨਤੀਜਾ ਇਹ ਨਿਕਲਿਆ ਕਿ ਸ੍ਰਿਸ਼ਟੀ ਸਥਾਨਕ ਸੰਕਲਪਾਂ ਦੀਆਂ ਹੱਦਾਂ ਤੋਂ ਮੁਕਤ ਹੋ ਗਈ।"*[2]

ਪਰਮਾਤਮਾ ਦੁਆਰਾ ਪੈਦਾ ਕੀਤੇ ਦੇਵੀ-ਦੇਵਤਿਆਂ ਦਾ ਜਿਕਰ ਗੁਰੂ ਨਾਨਕ ਦੇਵ ਜੀ ਨੇ 'ਮਲਾਰ ਦੀ ਵਾਰ' ਵਿਚ ਇਸ ਪ੍ਰਕਾਰ ਕੀਤਾ ਹੈ -

*ਬ੍ਰਹਮਾ ਬਿਸਨੁ ਮਹੇਸੁ ਦੇਵ ਉਪਾਇਆ।।*
*ਬ੍ਰਹਮੇ ਦਿਤੇ ਬੇਦ ਪੂਜਾ ਲਾਇਆ।।*
*ਦਸ ਅਵਤਾਰੀ ਰਾਮੁ ਰਾਜਾ ਆਇਆ।।*
*ਦੈਤਾ ਮਾਰੇ ਧਾਇ ਹੁਕਮਿ ਸਬਾਇਆ।।*[3]

'ਆਸਾ ਦੀ ਵਾਰ' ਵਿਚ ਪਰਮਾਤਮਾ ਨੂੰ ਸ੍ਰਿਸ਼ਟੀ ਦਾ ਸਿਰਜਨਹਾਰ ਮੰਨਦੇ ਹੋਏ ਗੁਰੂ ਜੀ ਫ਼ਰਮਾਉਂਦੇ ਹਨ-

*ਆਪੀਨ੍ਹੈ ਆਪੁ ਸਾਜਿਓ ਆਪੀਨ੍ਹੈ ਰਚਿਓ ਨਾਉ।।*
*ਦੁਯਿ ਕੁਦਰਤਿ ਸਾਜੀਐ ਕਰ ਆਸਣੁ ਡਿਠੋ ਚਾਉ।।*[4]

'ਮਾਝ ਦੀ ਵਾਰ' ਵਿਚ ਵੀ ਸ੍ਰਿਸ਼ਟੀ ਦਾ ਕਰਤਾ ਅਕਾਲ ਪੁਰਖ ਨੂੰ ਹੀ ਸਵੀਕਾਰ ਕੀਤਾ ਗਿਆ ਹੈ। ਉਸ ਨੇ ਵਿਭਿੰਨ ਕਿਸਮ ਦੇ ਜੀਵ ਪੈਦਾ ਕੀਤੇ ਅਤੇ ਆਪ ਵੀ ਉਨ੍ਹਾਂ ਦੇ ਵਿਚ ਹੀ ਵਾਸ ਕਰਦਾ ਹੈ। ਮਨਮੁਖ ਬਿਨਾਂ ਨਾਮ ਜਪੇ ਇਸ ਸੰਸਾਰ ਤੋਂ ਕੂਚ ਕਰ ਜਾਂਦੇ ਹਨ ਜਦ ਕਿ ਗੁਰਮੁਖ ਪਰਮਾਤਮਾ ਦੇ ਰੰਗ ਵਿਚ ਰੰਗੇ ਰਹਿੰਦੇ ਹਨ।

*ਤੂੰ ਕਰਤਾ ਪੁਰਖੁ ਅਗੰਮੁ ਹੈ ਆਪਿ ਸ੍ਰਿਸਟਿ ਉਪਾਤੀ।।*
*ਰੰਗ ਪਰੰਗ ਉਪਾਰਜਨਾ ਬਹੁ ਬਹੁ ਬਿਧਿ ਭਾਤੀ।।*
*ਤੂੰ ਜਾਣਹਿ ਜਿਨਿ ਉਪਾਈਐ ਸਭੁ ਖੇਲੁ ਤੁਮਾਤੀ।।*
*ਇਕਿ ਆਵਹਿ ਇਕਿ ਜਾਹਿ ਉਠਿ ਬਿਨੁ ਨਾਵੈ ਮਰਿ ਜਾਤੀ।।*
*ਗੁਰਮੁਖਿ ਰੰਗਿ ਚਲੂਲਿਆ ਰੰਗਿ ਹਰਿ ਰੰਗਿ ਰਾਤੀ।।*[5]

ਡਾ. ਰਤਨ ਸਿੰਘ ਜੱਗੀ ਅਨੁਸਾਰ-

*"ਭਾਰਤੀ ਦਾਰਸ਼ਨਿਕ ਚਿੰਤਨ ਵਿਚ ਵੀ ਸ੍ਰਿਸ਼ਟੀ ਸੰਬੰਧੀ ਲਗਭਗ ਇਕੋ ਜਿਹੇ ਵਿਚਾਰ ਹੀ ਆਉਂਦੇ ਹਨ। ਉਪਨਿਸ਼ਦਾਂ ਵਿਚ ਕਿਹਾ ਗਿਆ ਹੈ ਕਿ ਬ੍ਰਹਮ ਨੇ ਇਸ ਸ੍ਰਿਸ਼ਟੀ ਦੀ ਰਚਨਾ ਕੀਤੀ ਅਤੇ ਉਸ ਵਿੱਚ ਪ੍ਰਵੇਸ਼ ਕੀਤਾ। ਇਸ ਕਾਰਨ ਜੋ ਕੁਝ ਉਸ ਨੇ ਰਚਿਆ ਹੈ, ਉਹ ਸਤਿ ਹੈ। ਇਹ ਸਤਿ ਤੋਂ ਸਤਿ ਦੀ ਰਚਨਾ ਹੈ।"*[6]

ਗੁਰੂ ਨਾਨਕ ਦੇਵ ਜੀ ਨੇ ਆਪਣੀਆਂ ਵਾਰਾਂ ਵਿੱਚ ਸ੍ਰਿਸ਼ਟੀ ਨੂੰ ਜਗਤ, ਰਚਨਾ, ਭਵਸਾਗਰ ਆਦਿ ਸ਼ਬਦਾਂ ਰਾਹੀਂ ਪੇਸ਼ ਕੀਤਾ ਹੈ ਪਰ ਇਸ ਦੀ ਉਤਪੱਤੀ ਦਾ ਆਧਾਰਭੂਤ ਸਤਿ ਅਕਾਲਪੁਰਖ ਹੈ। ਜੀਵ ਰੱਬੀ ਹੁਕਮ ਨਾਲ ਸੰਸਾਰ ਵਿੱਚ ਆਉਂਦਾ ਹੈ ਅਤੇ ਸੰਸਾਰਿਕ ਕੰਮਾਂ ਕਾਰਾਂ ਵਿਚ ਰੁੱਝ ਜਾਂਦਾ ਹੈ ਅਤੇ ਰੱਬੀ ਹੁਕਮ ਰਾਹੀਂ ਹੀ ਇਸ ਸੰਸਾਰ ਤੋਂ ਚਲਾ ਜਾਂਦਾ ਹੈ। ਅਮਲਾਂ ਅਨੁਸਾਰ

ਜੀਵ ਦੋ ਪ੍ਰਕਾਰ ਦਾ ਹੁੰਦਾ ਹੈ -ਗੁਰਮੁਖ ਅਤੇ ਮਨਮੁਖ। ਇਨ੍ਹਾਂ ਵਾਰਾਂ ਵਿੱਚ ਗੁਰਮੁਖ ਅਤੇ ਮਨਮੁਖ ਦੇ ਤਣਾਓ ਨੂੰ ਸਿਰਜਿਆ ਗਿਆ ਹੈ।

ਗੁਰੂ ਨਾਨਕ ਦੇਵ ਜੀ ਦੀਆਂ ਵਾਰਾਂ ਦਾ ਨਾਇਕ ਗੁਰਮੁਖ ਹੀ ਹੈ। ਵਾਰਾਂ ਦਾ ਮੂਲ ਉਦੇਸ਼ ਆਦਰਸ਼ਕ ਮਨੁੱਖ ਨੂੰ ਚਿਤਰ ਕੇ ਪੂਰਨ ਮਨੁੱਖ ਜਾਂ ਗੁਰਮੁਖ ਬਣਾਉਣਾ ਹੈ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ-

> "ਜੋ ਵਿਅਕਤੀ ਗੁਰੂ ਦੇ ਸਨਮੁਖ ਹੈ, ਕਦੇ ਵਿਮੁਖ ਨਹੀਂ ਹੁੰਦਾ ਅਰਥਾਤ ਉਹ ਵਿਅਕਤੀ ਜਿਸ ਨੇ ਗੁਰੂ ਦੇ ਉਪਦੇਸ਼ ਉਤੇ ਪੂਰਾ-ਪੂਰਾ ਅਮਲ ਕੀਤਾ ਹੈ, ਉਹ ਗੁਰਮੁਖ ਹੈ।"[7]

ਗੁਰਮੁਖ ਹਮੇਸ਼ਾ ਰੱਬ ਦੇ ਭਾਣੇ ਅਤੇ ਪ੍ਰਭੂ-ਭਗਤੀ ਵਿਚ ਲੀਨ ਰਹਿੰਦਾ ਹੈ। 'ਆਸਾ ਦੀ ਵਾਰ' ਵਿਚ ਗੁਰਮੁਖ ਨੂੰ 'ਆਸ਼ਕ' ਸ਼ਬਦ ਨਾਲ ਸੰਬੋਧਿਤ ਕੀਤਾ ਗਿਆ ਹੈ।

*ਇਹੁ ਕਿਨੇਹੀ ਆਸਕੀ ਦੂਜੇ ਲਗੈ ਜਾਇ ॥*
*ਨਾਨਕ ਅਸਕੁ ਕਾਂਢੀਐ ਸਦ ਹੀ ਰਹੈ ਸਮਾਇ।।*[8]

ਗੁਰਮੁਖ ਸ਼ਬਦ ਨੂੰ ਹਿਰਦੇ ਵਿੱਚ ਸੰਭਾਲ ਕੇ ਪ੍ਰਭੂ ਦੇ ਗੁਣ ਗਾਉਂਦਾ ਹੋਇਆ ਨਾਮ ਸਿਮਰਨ ਵਿੱਚ ਲੱਗਾ ਰਹਿੰਦਾ ਹੈ। 'ਮਲਾਰ ਦੀ ਵਾਰ' ਅਨੁਸਾਰ-

*ਗੁਰਮੁਖਿ ਸਬਦੁ ਸਮਾਲੀਐ ਸਚੇ ਕੇ ਗੁਣ ਗਾਉ।।*
*ਨਾਨਕ ਨਾਮਿ ਰਤੇ ਜਨ ਨਿਰਮਲੇ ਸਹਜੇ ਸਚਿ ਸਮਾਉ।।*[9]

ਇਸ ਤਰ੍ਹਾਂ ਗੁਰਮੁਖ ਗੁਰੂ ਨਾਨਕ ਦੇਵ ਜੀ ਦੀਆਂ ਵਾਰਾਂ ਦਾ ਨਾਇਕ ਹੈ ਜੋ ਪ੍ਰਭੂ ਦੇ ਹੁਕਮ ਵਿੱਚ ਰਹਿ ਕੇ ਪਰਮਾਤਮਾ ਦੀ ਬੰਦਗੀ ਕਰਦਾ ਹੈ ਅਤੇ ਸੱਚਾ ਜੀਵਨ ਬਤੀਤ ਕਰਦਾ ਹੈ। ਕਾਲਾ ਸਿੰਘ ਬੇਦੀ 'ਆਸਾ ਦੀ ਵਾਰ' ਦਾ ਉਦੇਸ਼ ਦਰਸਾਉਂਦੇ ਹਨ-

> *"ਇਸ ਵਾਰ ਵਿਚ ਜ਼ੋਰ ਭਾਵੇਂ ਪਰਮਾਤਮਾ ਦੀ ਉਸਤਿਤ ਉਪਰ ਦਿੱਤਾ ਗਿਆ ਹੈ,ਪਰ ਸਾਡੀ ਜਾਚੇ ਨਾਇਕ ਇਸ ਵਾਰ ਦਾ ਗੁਰਮੁਖ ਹੈ। ਸੰਸਾਰਕ ਯੁੱਧਾਂ ਦੇ ਦੋ ਵਿਰੋਧੀ ਧੜਿਆਂ ਦੀ ਥਾਂ ਗੁਰਮੁਖ ਮਨਮੁਖ ਦਾ ਟਾਕਰਨ ਹੋਇਆ ਅੰਤ ਵਿਚ ਗੁਰਮੁਖ ਮਨਮੁਖ ਦੇ ਮੁਕਾਬਲੇ ਵਿਚ ਮਨ ਉੱਪਰ ਜਿੱਤ ਪ੍ਰਾਪਤ ਕਰਦਾ ਹੈ ਤੇ ਲਕਸ਼ ਦੀ ਪ੍ਰਾਪਤੀ ਕਰਦਾ ਹੈ।"* [10]

ਮਲਾਰ ਕੀ ਵਾਰ ਦੀ ਚੌਥੀ ਪਉੜੀ ਵਿੱਚ ਗੁਰੂ ਨਾਨਕ ਦੇਵ ਜੀ ਨੇ ਸੰਸਾਰ ਨੂੰ ਅਖਾੜਾ ਕਿਹਾ ਹੈ ਜਿੱਥੇ ਗੁਰਮੁਖ ਅਤੇ ਮਨਮੁਖ ਦਾ ਆਪਸੀ ਵਿਰੋਧ ਚੱਲ ਰਿਹਾ ਹੈ। ਗੁਰਮੁਖ ਗੁਰੂ ਦੇ ਸਨਮੁਖ ਰਹਿ ਕੇ ਗੁਰੂ ਦੇ ਬਚਨਾਂ ਦਾ ਪਾਲਨ ਕਰਦਾ ਹੋਇਆ ਚੜ੍ਹਦੀ ਕਲਾ ਵਿਚ ਵਿਚਰਦਾ ਹੈ ਜਦਕਿ ਮਨਮੁਖ ਗੁਰੂ ਤੋਂ ਬੇਮੁੱਖ ਹੋ ਕੇ ਮਨਮਰਜ਼ੀ ਕਰਦਾ ਹੈ। ਜਿਵੇਂ -

*ਆਪੇ ਛਿੰਝ ਪਵਾਇ ਮਲਾਖਾੜਾ ਰਚਿਆ।।*
*ਲਥੇ ਭੜਥੂ ਪਾਇ ਗੁਰਮੁਖਿ ਮਚਿਆ।।*
*ਮਨਮੁਖ ਮਾਰੇ ਪਛਾੜਿ ਮੂਰਖ ਕਚਿਆ।।*
*ਆਪਿ ਭਿੜੈ ਮਾਰੇ ਆਪਿ ਆਪਿ ਕਾਰਜੁ ਰਚਿਆ।।*[11]

ਜੋ ਵਿਅਕਤੀ ਦੁਨਿਆਵੀ ਪਦਾਰਥਾਂ ਵਿੱਚ ਖਚਿਤ ਰਹਿੰਦਾ ਹੈ ਅਤੇ ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ ਵਰਗੇ ਵਿਕਾਰਾਂ ਨਾਲ ਗ੍ਰਸਿਆ ਹੋਇਆ ਹੈ ਉਹ ਮਨਮੁਖ ਹੈ। ਗੁਰੂ ਸਾਹਿਬ ਅਨੁਸਾਰ ਸ਼ਹਿਦ ਦੀ ਮੱਖੀ ਵਾਂਗ ਇਹ ਵਿਕਾਰ ਰੂਪੀ ਸ਼ਹਿਦ ਵਿੱਚ ਲਿਪਟਿਆ ਰਹਿੰਦਾ ਹੈ।

*ਮਨਮੁਖ ਕੂੜੁ ਗੁਬਾਰ ਕੂੜ ਕਮਾਈਐ।।*
*ਮਨਮੁਖ ਮੋਹਿ ਗੁਬਾਰਿ ਜਿਉਂ ਭੁਲਾ ਮੰਝਿ ਵਣੀ।।*[12]

ਮਨਮੁਖ ਗੁਰੂ ਦੇ ਉਪਦੇਸ਼ ਨੂੰ ਨਾ ਮੰਨ ਕੇ ਕੋੜੇ ਸ਼ਬਦ ਬੋਲਦਾ ਹੈ। 'ਆਸਾ ਦੀ ਵਾਰ' ਅਨੁਸਾਰ,

*ਨਾਨਕ ਫਿਕਾ ਬੋਲਿਐ ਤਨੁ ਮਨੁ ਫਿਕਾ ਹੋਇ।।*
*ਫਿਕੋ ਫਿਕਾ ਸਦੀਐ ਫਿਕੇ ਫਿਕੀ ਸੋਇ।।*
*ਫਿਕਾ ਦਰਗਹ ਸਟੀਐ ਮੁਹਿ ਥੁਕਾ ਫਿਕੇ ਪਾਇ।।*
*ਫਿਕਾ ਮੂਰਖੁ ਆਖੀਐ ਪਾਣਾ ਲਹੈ ਸਜਾਇ।।*[13]

ਮਨਮੁਖ ਮਨੁੱਖ ਬਿਨ੍ਹਾਂ ਕਿਸੇ ਡਰ ਭੈਅ ਦੇ ਕਾਮ ਵਿਕਾਰਾਂ ਵਿਚ ਵਿਚਰਦਾ ਹੈ।

*ਮਨਮੁਖ ਭੈ ਕੀ ਸਾਰ ਨ ਜਾਣਨੀ*
*ਤ੍ਰਿਸਨਾ ਜਲਤੇ ਕਰਹਿ ਪੁਕਾਰ।।*[14]

ਇਸ ਤਰ੍ਹਾਂ ਮਨਮੁਖ ਪਾਪ ਕਮਾਉਂਦਾ ਹੋਇਆ ਕੁਸੰਗਤ ਕਰਦਾ ਜਿਸ ਦਾ ਫ਼ਲ ਪਰਮਾਤਮਾ ਦੀ ਦਰਗਾਹ ਵਿੱਚ ਭੁਗਤਣਾ ਪੈਂਦਾ ਹੈ।

ਸਿੱਖ ਪਰੰਪਰਾ ਵਿੱਚ ਗੁਰੂ ਦੀ ਵਿਸ਼ੇਸ਼ ਮਹੱਤਤਾ ਹੈ। ਗੁਰੂ ਗਿਆਨ ਦਾ ਸੋਮਾ ਅਤੇ ਪਰਮਾਤਮਾ ਪ੍ਰਾਪਤੀ ਲਈ ਮਨੁੱਖ ਦੀ ਅਗਵਾਈ ਕਰਦਾ ਹੈ। 'ਮਾਝ ਦੀ ਵਾਰ' ਵਿਚ ਗੁਰੂ ਸਾਹਿਬ ਲਿਖਦੇ ਹਨ ਕਿ ਗੁਰੂ ਪ੍ਰਾਪਤੀ ਲਈ ਮਨੁੱਖ ਵਿੱਚ ਸਬਰ, ਸੰਤੋਖ ਅਤੇ ਧੀਰਜ ਹੋਣਾ ਚਾਹੀਦਾ ਹੈ। ਗੁਰੂ ਸੰਸਾਰ ਰੂਪੀ ਸਾਗਰ ਨੂੰ ਪਾਰ ਕਰਾਉਣ ਵਾਲਾ ਜਹਾਜ਼ ਹੈ। ਗੁਰੂ ਉਹ ਦੀਵਾ ਹੈ ਜੋ ਮਨੁੱਖ

ਦੀ ਜ਼ਿੰਦਗੀ ਨੂੰ ਰੌਸ਼ਨ ਕਰ ਦਿੰਦਾ ਹੈ।

*ਗੁਰ ਦਾਤਾ ਗੁਰੁ ਹਿਵੈ ਘਰ ਗੁਰੁ ਦੀਪਕੁ ਤਿਹ ਲੋਇ॥*

*ਅਮਰ ਪਦਾਰਥੁ ਨਾਨਕਾ ਮਨਿ ਮਾਨਿਐ ਸੁਖੁ ਹੋਇ॥*[15]

'ਆਸਾ ਦੀ ਵਾਰ' ਦਾ ਆਰੰਭ ਗੁਰੂ ਤੋਂ ਹੁੰਦਾ ਹੈ। ਗੁਰੂ ਦੇ ਸੰਪਰਕ ਵਿਚ ਆ ਕੇ ਮਨੁੱਖ ਅਜਿਹੀ ਅਵਸਥਾ ਵਿਚ ਪਹੁੰਚ ਜਾਂਦਾ ਹੈ ਜਿਥੇ ਕੋਈ ਵੀ ਸ਼ਕਤੀ ਉਸ ਦਾ ਕੁਝ ਵਿਗਾੜ ਨਹੀਂ ਸਕਦੀ -

*ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦ ਵਾਰ॥*

*ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨਾ ਲਗੀ ਵਾਰ॥*[16]

'ਮਲਾਰ ਦੀ ਵਾਰ' ਵਿਚ 'ਪੂਰੇ ਗੁਰੂ ਦੇ ਮੇਲ' ਨਾਲ ਹੀ ਪਰਮਾਤਮਾ ਦੀ ਪ੍ਰਾਪਤੀ ਸੰਭਵ ਹੈ। ਇਸਦੇ ਉਲਟ ਕੱਚਾ ਗੁਰੂ ਪਥ ਭਟਕਾਊ ਸਾਬਤ ਹੁੰਦਾ ਹੈ।

*ਪੂਰਾ ਸਤਿਗੁਰੁ ਸੇਵਿ ਪੂਰਾ ਪਾਇਆ॥*

*ਪੂਰੇ ਕਰਮਿ ਧਿਆਇ ਪੂਰਾ ਸਬਦੁ ਮੰਨਿ ਵਸਾਇਆ॥* [17]

ਗੁਰੂ ਸਾਹਿਬ ਨੇ ਹਉਮੈਂ ਬਾਰੇ ਵਿਸਤ੍ਰਿਤ ਚਰਚਾ ਕੀਤੀ ਹੈ। ਤ੍ਰਿਸ਼ਨਾ ਹਉਮੈਂ ਦਾ ਸਰੂਪ ਹੈ, ਜੋ ਦੁਨਿਆਵੀ ਸੁੱਖਾਂ ਨੂੰ ਜਨਮ ਦਿੰਦੀ ਹੈ। ਜਿਸ ਤੋਂ ਕਾਮ ਤੇ ਲੋਭ ਉਪਜਦੇ ਹਨ। ਜਦੋਂ ਜੀਵਾਤਮਾ ਤੋਂ ਨਾਮ ਵਿਸਰ ਜਾਂਦਾ ਹੈ ਤਾਂ ਹਉਮੈਂ ਦੀ ਉਤਪੱਤੀ ਹੁੰਦੀ ਹੈ। 'ਆਸਾ ਦੀ ਵਾਰ' ਵਿਚ ਗੁਰੂ ਸਾਹਿਬ ਫਰਮਾਉਂਦੇ ਹਨ -

*ਹਉਮੈਂ ਦੀਰਘ ਰੋਗ ਹੈ ਦਾਰੂ ਭੀ ਇਸੁ ਮਾਹਿ॥*

*ਕਿਰਪਾ ਕਰੇ ਜੇ ਆਪਣੇ ਤਾ ਗੁਰ ਕਾ ਸਬਦੁ ਕਮਾਹਿ॥*[18]

ਹਉਮੈਂ ਭਾਵ ਨੂੰ ਤਿਆਗ ਕੇ ਹੀ ਸੰਸਾਰਕ ਨਾਸ਼ਮਾਨਤਾ ਤੋਂ ਉਪਰ ਉਠਿਆ ਜਾ ਸਕਦਾ ਹੈ, ਫੇਰ ਹੀ ਪਰਮਾਤਮਾ ਦੀ ਪ੍ਰਾਪਤੀ ਹੋ ਸਕਦੀ ਹੈ।

*ਰਾਜ ਮਾਲੁ ਰੂਪੁ ਜਾਤਿ ਜੋਬਨੁ ਪੰਜੇ ਠਗ॥*

*ਏਨੀ ਠਗੀ ਜਗੁ ਠਗਿਆ ਕਿਨੈ ਨ ਰਖੀ ਲਾਜ॥*[19]

ਨਾਮ ਸਿਮਰਨ ਗੁਰਮਤਿ ਦਾ ਮੂਲ ਸਿਧਾਂਤ ਹੈ। ਹਉਮੈਂ ਉਪਰ ਕਾਬੂ ਪਾਉਣ ਲਈ ਮਨੁੱਖ ਨਾਮ ਸਿਮਰਦਾ ਹੈ, ਮਨੁੱਖ ਦਾ ਮੈਲਾ ਮਨ ਪ੍ਰਭੂ ਸਿਮਰਨ ਨਾਲ ਸ਼ੁਧ ਹੋ ਜਾਂਦਾ ਹੈ ਅਤੇ ਟਿਕਾਅ ਵਿਚ ਆਉਂਦਾ ਹੈ।

ਨਾਮ ਜਪੇ ਨਾਮੋ ਆਰਾਧੇ

ਨਾਮੇ ਸੁਖਿ ਸਮਾਵੈ॥[20]

ਨਾਉਂ ਤੇਰਾ ਨਿਰੰਕਾਰ ਹੈ ਨਾਇ ਲਇਐ ਨਰਕਿ ਨਾ ਜਾਈਐ॥[21]

ਵਾਰਾਂ ਵਿੱਚ ਗੁਰੂ ਸਾਹਿਬ ਨਾਮ ਦੀ ਪ੍ਰਾਪਤੀ ਲਈ ਸਭ ਤੋਂ ਉਤਮ ਸਾਧਨ ਗੁਰੂ ਨੂੰ ਮੰਨਿਆ ਹੈ ਗੁਰੂ ਨਾਨਕ ਦੇਵ ਜੀ ਦੀਆਂ ਵਾਰਾਂ ਵਿੱਚ ਕੁਦਰਤ ਦਾ ਚਿਤਰਨ ਭਰਪੂਰ ਮਾਤਰਾ ਵਿਚ ਹੋਇਆ ਹੈ। ਹਰਿੰਦਰ ਸਿੰਘ ਮਹਿਬੂਬ ਅਨੁਸਾਰ-

*"ਕੁਦਰਤ ਅਗੇਰੇ ਦ੍ਰਿਸ਼ਾਂ ਦੀ ਪਾਵਨਤਾ ਜ਼ਿੰਦਗੀ ਦੀਆਂ ਦਿਸਦੀਆਂ ਮੂਰਤਾਂਜਾਂ ਛੋਹੇ ਜਾਣ ਵਾਲੇ ਜਿਸਮਾਂ ਨੂੰ ਜੋਸ਼ੀਲਾ ਹੁਨਰ ਬਖਸ਼ਦੀ ਹੈ ਅਤੇ ਆਪ ਵੀ ਆਪਣੀ ਬਖਸ਼ਿਸ਼ ਵਿਚ ਸਮਾਈ ਰਹਿੰਦੀ ਹੈ, ਪਰ ਇਸ ਦਾ ਮੌਲਿਕ ਪ੍ਰਵਾਹ ਅਚਿਹਨਤਾ ਅਤੇ ਨਿਰਾਕਾਰਤਾ ਦੀ ਸ਼ਕਤੀ ਵਿੱਚ ਸਮਾਇਆ ਰਹਿੰਦਾ ਹੈ। ਇਹ ਅਰੂਪ ਹੈ। ਪਰ ਇਸ ਦੀ ਅਰੂਪਤਾ ਨੂੰ ਆਪਣੀ ਸ਼ਕਤੀ ਵਿੱਚ ਜ਼ਿੰਦਗੀ ਦਾ ਸੁਹਜ ਉਤਪੰਨ ਕਰਨ ਦਾ ਵਰਦਾਨ ਮਿਲਿਆ ਹੋਇਆ ਹੈ, ਭਾਵੇਂ ਇਹ ਪਾਵਨਤਾ ਅਛੋਹ ਹੈ, ਪਰ ਇਸ ਵਿਚ ਜ਼ਿੰਦਗੀ ਦੇ ਮਹਾਨ ਅਰਥਾਂ ਦਾ ਘਰ ਸਲਾਮਤ ਰਹਿੰਦਾ ਹੈ, ਮਤਲਬ ਕਿ ਅਸੀਮ ਵਿਚ ਸੀਮਾਵਾਂ ਦਾ ਸੁਹਜ ਗੁਆਚਦਾ ਨਹੀਂ।"*[22]

ਪਰਮਾਤਮਾ ਆਪੇ ਕੁਦਰਤ ਨੂੰ ਬਣਾਉਂਦਾ ਹੈ ਅਤੇ ਆਪੇ ਇਸ ਤੇ ਵਿਚਾਰ ਚਰਚਾ ਕਰਦਾ ਹੈ, ਉਸ ਤੋਂ ਬਿਨਾਂ ਹੋਰ ਕੋਈ ਵੀ ਕੁਦਰਤ ਸੰਬੰਧੀ ਚਰਚਾ ਕਰਨ ਤੋਂ ਅਸਮਰੱਥ ਹੈ -

*ਆਪੇ ਕੁਦਰਤਿ ਸਾਜਿ ਕੇ ਆਪੇ ਕਰੇ ਬੀਚਾਰੁ॥*[23]

*ਆਪੇ ਜਗਤੁ ਉਪਾਇ ਕੇ ਗੁਣ ਅਉਗਣ ਕਰੇ ਵੀਚਾਰੁ॥* [24]

ਗੁਰੂ ਅਨੁਸਾਰ ਕੁਦਰਤ ਦਾ ਅਨੰਤ ਪਸਾਰਾ ਹੈ-

*ਕੁਦਰਤਿ ਦਿਸੈ ਕੁਦਰਤਿ ਸੁਣੀਐ ਕੁਦਰਤਿ ਭਉ ਸੁਖ ਸਾਰੁ॥*

*ਕੁਦਰਤਿ ਪਾਤਾਲੀ ਆਕਾਸੀ ਕੁਦਰਤਿ ਸਰਬ ਆਕਾਰੁ॥*[25]

ਕੁਦਰਤ ਦੀ ਅਪਾਰ ਸ਼ਕਤੀ ਭੈ ਦੀ ਅਵਸਥਾ ਦਾ ਲਖਾਇਕ ਹੋਣਾ ਹੈ। ਸਾਰਾ ਸੰਸਾਰ ਰੱਬ ਦੇ ਹੁਕਮ ਵਿੱਚ ਰਹਿੰਦਾ ਹੈ।

*ਭੈ ਵਿਚਿ ਪਵਣੁ ਵਹੈ ਸਦਵਾਉ॥ ਭੈ ਵਿਚਿ ਚਲਹਿ ਲਖ ਦਰੀਆਉ॥*

*ਭੈ ਵਿਚਿ ਅਗਨਿ ਕਢੈ ਵੇਗਾਰਿ॥ ਭੈ ਵਿਚਿ ਧਰਤੀ ਦਬੀ ਭਾਰਿ॥*

*ਭੈ ਵਿਚਿ ਇੰਦੁ ਫਿਰੈ ਸਿਰ ਭਾਰਿ॥ ਭੈ ਵਿਚਿ ਰਾਜਾ ਧਰਮ ਦੁਆਰ॥*[26]

'ਮਲਾਰ ਦੀ ਵਾਰ' ਵਿਚ ਜਗਤ ਨੂੰ ਬੰਬੀਹਾ ਕਿਹਾ ਗਿਆ ਹੈ ਅਤੇ ਪਰਮਾਤਮਾ ਦਾ ਨਾਮ ਅੰਮ੍ਰਿਤ ਹੈ, ਜਿਸ ਨੂੰ ਪੀਣ ਨਾਲ ਲਾਲਸਾ ਦੀ ਪਿਆਸ

ਮੁੱਕ ਜਾਂਦੀ ਹੈ -

*ਬਾਬੀਹਾ ਏਹੁ ਜਗਤੁ ਹੈ ਮਤ ਕੋ ਭਰਮ ਭਲਾਗਿ॥*
*ਇਹ ਬਾਬੀਹਾ ਪਸੂ ਹੈ ਇਸ ਨੋ ਬੂਝਣੁ ਨਾਹਿ॥*
*ਅੰਮ੍ਰਿਤ ਹਰਿ ਕਾ ਨਾਮੁ ਹੈ ਜਿਤੁ ਪੀਤੈ ਤਿਖ ਜਾਇ॥*
*ਨਾਨਕ ਗੁਰਮੁਖਿ ਜਿਨ ਪੀਅ ਤਿਨੁ ਬਹੁੜਿ ਨਾ ਲਾਗੀ ਆਇ॥*[27]

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਸ਼ਾਮਿਲ ਵਾਰਾਂ ਵਿੱਚ ਪਰਮਾਤਮਾ ਤੇ ਉਸ ਦਾ ਨਾਮ ਜਪਣ ਵਾਲੇ ਮਹਾਂਪੁਰਖਾਂ ਦੀ ਵਡਿਆਈ ਕੀਤੀ ਗਈ ਹੈ ਜਿਨ੍ਹਾਂ ਨੇ ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ ਆਦਿ ਵਿਸ਼ਿਆਂ ਨਾਲ ਯੁੱਧ ਕੀਤਾ ਅਤੇ ਜਿੱਤ ਪ੍ਰਾਪਤ ਕੀਤੀ, ਉਨ੍ਹਾਂ ਦਾ ਜਸ ਗਾਇਨ ਕੀਤਾ ਗਿਆ ਹੈ, ਪ੍ਰੰਤੂ ਇਸ ਦੇ ਨਾਲ ਹੀ ਜੀਵਨ ਸੰਬੰਧੀ ਅਨੇਕਾਂ ਸਿੱਖਿਆਵਾਂ ਦੇ ਕੇ ਜੀਵਨ ਨੂੰ ਸਫ਼ਲ ਤੇ ਕਾਮਯਾਬ ਬਣਾਉਣ ਦਾ ਮਾਰਗ ਦਰਸਾਇਆ ਗਿਆ ਹੈ। ਵਾਰਾਂ ਵਿੱਚ ਪੇਸ਼ ਜਜ਼ਬੇ ਦਾ ਸਮਾਜਿਕ ਪੱਖ, ਮਨੁੱਖੀ ਜੱਦੋ-ਜਹਿਦ, ਆਜ਼ਾਦ ਮਨੁੱਖ ਦੀ ਉਸਾਰੀ ਦੇ ਅਮਲ ਅਤੇ ਆਪਣੀ ਆਜ਼ਾਦ ਮਨੁੱਖੀ ਹਸਤੀ ਲਈ ਸੰਘਰਸ਼ ਤੇ ਦੁਸ਼ਮਣ ਨੂੰ ਲਤਾੜਦੇ ਹੋਏ ਯੋਧੇ ਤੇ ਕਰਾਂਤੀਕਾਰੀ ਮਨੁੱਖ ਦਾ ਭਰਪੂਰ ਚਿੱਤਰ ਪੇਸ਼ ਕੀਤਾ ਹੈ। ਗੁਰੂ ਗ੍ਰੰਥ ਸਾਹਿਬ ਵਿੱਚ ਦਰਜ਼ ਬਾਣੀ ਨੂੰ ਧਰਮ ਦਰਸ਼ਨ ਦੀ ਬੁਨਿਆਦ ਅਤੇ ਗੁਰਮਤਿ ਜਾਂ ਅਧਿਆਤਮਕ ਸਿਧਾਂਤਾਂ ਦਾ ਪ੍ਰਮਾਣਿਕ ਸੋਮਾ ਪ੍ਰਵਾਨ ਕੀਤਾ ਗਿਆ ਹੈ। ਦਾਰਸ਼ਨਿਕ ਪੱਖ ਨਾਲ ਸੰਬੰਧਤ ਸੰਕਲਪ ਅਕਾਲ-ਪੁਰਖ, ਸ੍ਰਿਸ਼ਟੀ ਅਤੇ ਜੀਵਾਤਮਾ ਮੁੱਖ ਹਨ ਜੋ ਧਰਮ ਦਰਸ਼ਨ ਦੀ ਤੱਤ-ਮੀਮਾਂਸਕ (Meta physical) ਸ਼ਾਖ਼ ਨਾਲ ਸੰਬੰਧਤ ਹਨ।

1. ਇਨ੍ਹਾਂ ਵਾਰਾਂ ਵਿੱਚ ਨਾ ਕਿਸੇ ਦੁਨਿਆਵੀ ਯੁੱਧ ਦੀ ਵਾਰਤਾ ਹੈ ਨਾ ਕਿਸੇ ਯੋਧੇ, ਰਾਜੇ, ਰਾਣੇ ਜਾਂ ਸਰਦਾਰ ਦੀ ਜੰਗੀ ਬਹਾਦਰੀ ਦੇ ਜੌਹਰ ਜਾਂ ਜੱਸ ਗਾਇਨ ਹੈ।
2. ਇਨ੍ਹਾਂ ਵਾਰਾਂ ਦਾ ਨਾਇਕ ਸਰਬ ਸ਼ਕਤੀਮਾਨ ਵਾਹਿਗੁਰੂ ਆਪ ਹੈ ਜਾਂ ਉਸ ਨੂੰ ਮਿਲਾਉਣ ਵਾਲਾ ਸਤਿਗੁਰੂ।
3. ਇਨ੍ਹਾਂ ਵਾਰਾਂ ਵਿੱਚ ਜੱਸ ਹੈ- ਕਰਤਾ ਅਕਾਲ ਪੁਰਖ ਦਾ, ਗੁਰੂ ਦਾ, ਗੁਰਮੁਖਾਂ ਦਾ, ਸੰਤਾਂ ਤੇ ਭਲੇ ਪੁਰਸ਼ਾਂ ਦਾ, ਸਤਿਸੰਗ ਦਾ ਤੇ ਸ਼ੁਭ ਗੁਣਾਂ ਦਾ।
4. ਇਨ੍ਹਾਂ ਵਾਰਾਂ ਵਿੱਚ ਟੱਕਰ ਹੈ- ਗੁਰਮੁਖ ਤੇ ਮਨਮੁਖ ਦੀ, ਨੇਕੀ ਤੇ ਬਦੀ ਦੀ, ਸੱਚ ਤੇ ਝੂਠ ਦੀ ਅਤੇ ਵਿਸ਼ੇਸ਼ ਕਰਕੇ ਮਨੁੱਖੀ ਆਤਮਾ ਦੀ, ਪੰਜ ਮਹਾਂਬਲੀਆਂ -ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ ਦੀ।
5. ਇਸ ਪ੍ਰਕਾਰ ਇਹ ਅਧਿਆਤਮਕ ਵਾਰਾਂ ਗੁਰੂਆਂ ਦੀਆਂ ਨਵੀਨ ਸਿਰਜਤ ਰੂਪਾਕਾਰਕ ਵਾਰਾਂ ਹਨ ਪ੍ਰੰਤੂ ਇਨ੍ਹਾਂ ਦੀਆਂ ਜੜ੍ਹਾਂ ਪਰੰਪਰਾਗਤ ਲੋਕ ਵਾਰਾਂ ਵਿਚ ਹੀ ਹਨ।

ਸਮੁੱਚੀ ਚਰਚਾ ਉਪਰੰਤ ਇਸ ਸਿੱਟੇ ਤੇ ਪਹੁੰਚਦੇ ਹਾਂ ਕਿ ਗੁਰੂ ਨਾਨਕ ਦੇਵ ਜੀ ਦੀਆਂ ਵਾਰਾਂ ਵਿੱਚ ਸਾਰੇ ਹੀ ਸਿੱਖ ਧਰਮ ਦੇ ਨੇਮ ਸ਼ਾਮਲ ਹਨ। ਇਨ੍ਹਾਂ ਵਾਰਾਂ ਰਾਹੀਂ ਮਨੁੱਖ ਨੂੰ ਸਰੀਰਕ ਦੇ ਨਾਲ ਨਾਲ ਆਤਮਿਕ, ਮਾਨਸਿਕ ਤੇ ਸਮਾਜਿਕ ਤੌਰ ਤੇ ਉਪਰ ਉਠਾਉਣ ਦਾ ਯਤਨ ਕੀਤਾ ਗਿਆ ਹੈ। ਇਹ ਵਾਰਾਂ ਮਨੁੱਖ ਨੂੰ ਪਰਮਾਤਮਾ, ਜੀਵ, ਸਤਿਗੁਰੂ, ਨਾਮ, ਹਉਮੈ, ਸ੍ਰਿਸ਼ਟੀ ਦਾ ਅਸਲੀ ਮੁਹਾਂਦਰਾ ਦਿਖਾ ਕੇ ਸਹੀ ਰਸਤੇ ਵੱਲ ਪ੍ਰੇਰਿਤ ਕਰਦੀਆਂ ਹਨ।

## ਹਵਾਲੇ ਅਤੇ ਟਿੱਪਣੀਆਂ


1. *ਹਰਿੰਦਰ ਸਿੰਘ ਮਹਿਬੂਬ, ਸਹਿਜੇ ਰਚਿਓ ਖ਼ਾਲਸਾ, ਪੰਨਾ : 349.*
2. *ਉਹੀ, ਪੰਨਾ : 1010.*
3. *ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ : 1279.*
4. *ਉਹੀ, ਪੰਨਾ : 463.*
5. *ਉਹੀ, ਪੰਨਾ : 138.*
6. *ਰਤਨ ਸਿੰਘ ਜੱਗੀ, ਗੁਰੂ ਗ੍ਰੰਥ ਵਿਸ਼ਵ ਕੋਸ਼, ਪੰਨਾ : 264.*
7. *ਭਾਈ ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼, ਪੰਨਾ : 62.*
8. *ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ : 474.*
9. *ਉਹੀ, ਪੰਨਾ : 1286.*
10. *ਕਾਲਾ ਸਿੰਘ ਬੇਦੀ, ਵਾਰਕਾਰ ਗੁਰੂ ਨਾਨਕ ਦੇਵ, ਪੰਨਾ : 27.*
11. *ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ : 1280.*
12. *ਉਹੀ, ਪੰਨਾ : 145.*
13. *ਉਹੀ, ਪੰਨਾ : 473.*
14. *ਉਹੀ, ਪੰਨਾ : 1288.*
15. *ਉਹੀ, ਪੰਨਾ : 137.*

16. ਉਹੀ, ਪੰਨਾ : 462.
17. ਉਹੀ, ਪੰਨਾ : 1286.
18. ਉਹੀ,ਪੰਨਾ : 466.
19. ਉਹੀ, ਪੰਨਾ : 1288.
20. ਉਹੀ, ਪੰਨਾ : 139.
21. ਉਹੀ,ਪੰਨਾ : 465.
22. ਹਰਿੰਦਰ ਸਿੰਘ ਮਹਿਬੂਬ, ਸਹਿਜੇ ਰਚਿਓ ਖਾਲਸਾ, ਪੰਨਾ : 878.
23. ਸ੍ਰੀ ਗੁਰੂ ਗ੍ਰੰਥ ਸਾਹਿਬ,ਪੰਨਾ : 143.
24. ਉਹੀ,ਪੰਨਾ : 1280.
25. ਉਹੀ,ਪੰਨਾ : 464.
26. ਉਹੀ,ਪੰਨਾ : 464.
27. ਉਹੀ,ਪੰਨਾ : 1283